# ਨਮੂਨੇ ਦਾ ਪ੍ਰਸ਼ਨ ਪੱਤਰ

## ਸ਼੍ਰੇਣੀ ਦਸਵੀਂ

## ਪੰਜਾਬੀ ਬੀ

## ਵਿਦਿਅਕ ਸੈਸ਼ਨ : 2022 -23

**ਸਮਾਂ : 3 ਘੰਟੇ**

**ਲਿਖਤੀ : 65 ਅੰਕ**
**ਆਂਤਰਿਕ ਮੁਲਾਂਕਣ : 10 ਅੰਕ**
**ਕੁੱਲ : 75 ਅੰਕ**

1. 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ। 5

2. ਵਸਤੂਨਿਸ਼ਠ ਪ੍ਰਸ਼ਨ :

(ੳ) ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ ? 1

(ਅ) ਹੇਠ ਲਿਖੇ ਵਾਕ ਨੂੰ ਲੁੜੀਂਦੇ ਵਿਸਰਾਮ-ਚਿੰਨ੍ਹ ਲਗਾਓ : 1

ਘਰ-ਘਰ ਜਾ ਕੇ ਸੱਦਾ-ਪੱਤਰ ਦਿਓ

(ੲ) ਭਾਰਤੀ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ? 1

(ਸ) ਪੰਜਾਬੀ ਭਾਸ਼ਾ ਦੀਆਂ ਧੁਨੀਆਂ ਨੂੰ ਮੁੱਖ ਰੂਪ ਵਿੱਚ ਕਿੰਨੇ ਵਰਗਾਂ ਵਿੱਚ ਵੰਡਿਆ ਗਿਆ ਹੈ ? 1

(ਹ) 'ਸ਼ੀਂਹਣੀ'ਸ਼ਬਦ ਦਾ ਪੁਲਿੰਗ-ਰੂਪ ਦੱਸੋ। 1

(ਕ) ਪੰਜਾਬੀ ਭਾਸ਼ਾ ਵਿੱਚ ਵਚਨ ਕਿਹੜੇ-ਕਿਹੜੇ ਹਨ? 1

(ਖ) 'ਅਸੀਂ ਪੜ੍ਹਦੇ ਸਾਂ।' ਵਾਕ ਵਿੱਚ ਕਿਹੜਾ ਕਾਲ-ਰੂਪ ਹੈ? 1

(ਗ) 'ਆਕਾਰ' ਸ਼ਬਦ ਦਾ ਵਿਰੋਧਾਰਥਕ ਸ਼ਬਦ ਲਿਖੋ। 1

(ਘ) 'ਜੋ ਆਮ ਜਿਹਾ ਨਾ ਹੋਵੇ' ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ। 1

(ਙ) 'ਡਰ' ਦਾ ਸਮਾਨਾਰਥਕ ਸ਼ਬਦ ਲਿਖੋ। 1

10×1=10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ :

(ੳ) ਨਾਨਕ ਸਿੰਘ ਨਾਵਲਕਾਰ

(ਅ) ਨਸ਼ਾ ਨਾਸ ਕਰਦਾ ਹੈ

(ੲ) ਅੱਖੀਂ ਡਿੱਠਾ ਮੇਲਾ

(ਸ) ਵਿਦਿਆਰਥੀ ਅਤੇ ਅਨੁਸ਼ਾਸਨ

(ਹ) ਕੰਪਿਊਟਰ

4. ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲਵੇ।

Downloaded from cclchapter.com

ਜਾਂ

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਸੜਕਾਂ ਉੱਪਰ ਵਾਪਰ ਰਹੀਆਂ ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਨੁਕਸਾਨ ਬਾਰੇ ਚਿੱਠੀ ਲਿਖੋ।

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਸਿਰਲੇਖ ਵੀ ਦਿਓ:

ਆਰਮ ਸਟਰਾਂਗ ਅਤੇ ਉਸ ਦੇ ਸਾਥੀ ਜਿਹੜੇ ਪਹਿਲਾਂ ਚੰਨ 'ਤੇ ਜਾ ਕੇ ਉੱਤਰੇ ਸਨ, ਉਹ ਜਦ ਵਾਪਸ ਆਏ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤੁਹਾਨੂੰ ਚੰਨ 'ਤੇ ਪਹੁੰਚਾਇਆ ਸੀ ਤਾਂ ਉਹਨਾਂ ਦਾ ਜਵਾਬ ਸੀ, 'ਨਿਊਟ ਨੇਂ । ਜੇ ਨਿਊਟਨ ਦੇ ਕੱਢੇ ਕੁਦਰਤੀ ਨਿਯਮ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ ? ਪੰਜਾਬੀ ਵਿੱਚ ਕਹਾਵਤ ਹੈ ਬੂੰਦ-ਬੂੰਦ ਨਾਲ ਦਰਿਆ ਭਰਦਾ ਹੈ । ਇੱਕ ਆਦਮੀ ਤਜਰਬੇ ਅਤੇ ਵਿਚਾਰਾ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ, ਦੂਰ ਉਹਨਾਂ 'ਤੇ ਖੜ੍ਹਾ ਹੋ ਕੇ ਇਹਨਾਂ ਤਜਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ । ਹਿਮਾਲਿਆ ਦੀਆਂ ਸਿਖਰਾਂ ਨੂੰ ਛੂੰਹ ਹੈ । ਇਨਸਾਨ ਨੇ ਕੁਝ ਸਦੀਆਂ ਵਿੱਚ ਬੇਅੰਤ ਤਰੱਕੀ ਕੀਤੀ ਹੈ । ਕਿੱਥੇ ਖੁੰਦਰਾਂ ਵਿੱਚ ਰਹਿਣ ਵਾਲਾ ਬਣ-ਮਾਣਸ ਅਤੇ ਕਿ ਪੰਜਾਹ-ਪੰਜਾਹ ਮੰਜ਼ਲੇ ਮਕਾਨਾਂ ਵਿੱਚ ਰਹਿਣ ਵਾਲਾ, ਲਜ਼ੀਜ਼ ਖਾਣੇ ਖਾਣ ਵਾਲ਼ਾ ਅਤੇ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਸਾਰੇ ਸੰਸਾਰ ਦੇ ਦ੍ਰਿਸ਼ ਦੇਖਣ ਵਾਲ਼ਾ, ਟੈਲੀਫ਼ੂਨ ਅਤੇ ਇੰਟਰਨੈੱਟ ਰਾਹੀਂ ਸੰਸਾਰ ਨਾਲ ਜੁੜਨ ਵਾਲੀ ਸਥਿਤੀ ਵਿੱਚ ਪਹੁੰਚ ਗਿਆ ਹੈ ਆਪ ਅੱਗੋਂ ਇਹ ਵਿਕਾਸ ਦਿਨੋ-ਦਿਨ ਜਾਰੀ ਹੈ । ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਇਹ ਵਿਕਾਸ ਕਿੱਥੇ ਤੱਕ ਪਹੁੰਚਣਾ ਹੈ। 4+1=5

6. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਸ਼ਹਾਦਤ ਤੋਂ ਵੱਡਾ ਕੋਈ ਦਾਨ ਨਹੀਂ ਹੁੰਦਾ। ਆਪਣੇ ਦੇਸ਼ ਵਿੱਚ ਬਹੁਤ ਸਾਰੇ ਮਹਾਂਦਾਨੀ ਦਾ ਹੋ ਸਕਦੇ ਹਨ,ਜਿੰਨ੍ਹਾਂ ਲੱਖਾਂ ਦਾ ਦਾਨ ਕਿਸੇ ਸਕੂਲ, ਸੰਸਥਾ ਜਾਂ ਸਮੁਦਾਇ ਨੂੰ ਦਿੱਤਾ ਹੋਵੇ। ਅਜਿਹੇ ਦਾਨੀ ਪੁਰਸ਼ ਸਮਾਜ ਵਿੱਚ ਇੱਜ਼ਤ ਦੇ ਪਾਤਰ ਹੁੰਦੇ ਹੀ ਹਨ, ਪਰੰਤੂ ਉਹ ਇੱਕ ਸ਼ਹੀਦ ਤੋਂ ਉੱਪਰ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦੇ ਇਹ ਵੀ ਸੱਚ ਹੈ ਕਿ ਵੱਡੇ ਵੱਡੇ ਤੇ ਰਬਿਆਂ ਨਾਲ ਵੀ ਕੋਈ ਵਿਅਕਤੀ ਸ਼ਹੀਦ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ । ਇਸੇ ਕਰਕੇ ਸਿਆਣਿਆਂ ਨੇ ਕਿਹਾ ਹੈ। ਸ਼ਹੀਦਾਂ ਦੇ ਨਾਂ 'ਤੇ ਕੇਵਲ ਮੇਲੇ ਹੀ ਨਹੀਂ ਲਾਉਣੇ ਚਾਹੀਦੇ, ਸਗੋਂ ਉਹਨਾਂ ਦੇ ਨਾਂ ਤੇ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਦੇ ਨਾਂ ਵੀ ਰੱਖੇ ਜਾਣੇ ਚਾਹੀਦੇ ਹਨ, ਤਾਂ ਜੋ ਉਹਨਾਂ ਵਿੱਚ ਦੇਸ-ਭਗਤੀ ਦਾ ਜਜ਼ਬਾ ਪੈਦਾ ਕੀਤਾ ਜਾ ਸਕੇ । ਸ਼ਹੀਦਾਂ ਨਾਂ 'ਤੇ ਅਜਿਹੀਆਂ ਯਾਦਗਾਰਾਂ ਬਣਨੀਆਂ ਚਾਹੀਦੀਆਂ ਹਨ, ਜਿਹੜੀਆਂ ਅਜੋਕੀ ਨੌਜੁਆਨ ਪੀੜ੍ਹੀ ਵਿੱਚ ਵਤਨਪ੍ਰਸਤੀ ਨੂੰ ਪੈ ਕਰ ਸਕਣ। ਸ਼ਹੀਦਾਂ ਦੇ ਬਹਾਦਰੀ ਦੇ ਕਾਰਨਾਮੇ ਅਤੇ ਉਹਨਾਂ ਦੇ ਸੰਖੇਪ ਜੀਵਨ-ਵੇਰਵੇ ਵੀ ਇਹਨਾਂ ਯਾਦਗਾਰਾਂ ਵਿੱਚ ਸ਼ਾਮਿਲ ਕਰਨੇ ਚਾਹੀਦੇ ਹਨ । ਕੋਈ ਅਮੀਰ ਆਦਮੀ ਲੱਖਾਂ ਰੁਪਏ ਦਾਨ ਕਰਕੇ ਵੀ ਸ਼ਹੀਦ ਨਾਲ ਬਰਾਬਰੀ ਨਹੀਂ ਕਰ ਸਕਦਾ।

ਪ੍ਰਸ਼ਨ:

(ੳ) ਕਿਸ ਤੋਂ ਵੱਡਾ ਕੋਈ ਦਾਨ ਨਹੀਂ ਹੁੰਦਾ ?

Downloaded from cclchapter.com

(ਅ) ਸ਼ਹੀਦਾਂ ਦੇ ਨਾਂ 'ਤੇ ਕੀ ਕਰਨਾ ਚਾਹੀਦਾ ਹੈ ?

(ੲ) ਕੌਣ ਸ਼ਹੀਦ ਦੀ ਬਰਾਬਰੀ ਨਹੀਂ ਕਰ ਸਕਦਾ ?

1+1+1=3

7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਇਸ ਤਰਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:
ਧੱਜੀਆਂ ਉਡਾਉਣਾ, ਨਹੁੰ ਅੜ ਜਾਣਾ ਪਰ ਲੱਗਣਾ, ਪੈਰ ਜੰਮਣੀ, ਲਹੂ ਪਸੀਨਾ ਇੱਕ ਕਰਨਾ, ਵਾਛਾਂ ਖਿੜ ਜਾਣਾ, ਲਹਾ ਲਾਖਾ ਪਾਣੀ ਵਾਰ ਕੇ ਪੀਣਾ 2×4=8

8. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ

ਬਈ ਵਾਹ ਕਮਾਲ ਕਰ ਦਿੱਤਾ ਦੇ ਬਹਾਦਰ ਕੁੜੀ ਨੇ 2

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਵਿਆਕਰਨ ਕਿਸ ਨੂੰ ਕਹਿੰਦੇ ਹਨ ? 1

(ਅ) ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ ? 1

(ੲ) ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ-ਕਿਹੜੇ ਹਨ ? 1

3x1=3

10. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

(ੳ) ਉਹ ਕਿਹੜਾ ਅੱਖਰ ਹੈ, ਜਿਸ ਦੇ ਨਾਲ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ?

(ਅ) ਅਧਕ ਕਿਹੜੀਆਂ ਲਗਾਂ ਨਾਲ ਆ ਸਕਦਾ ਹੈ ?

11. (ੳ) ਸਬੰਧਕ ਜਾਂ ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ? ਉਦਾਹਰਨਾਂ ਸਹਿਤ ਦੱਸੋ ।

(ਅ) ਨਾਂਵ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ।

2+2=4

12. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖਰੇ ਵੱਖਰੇ ਵਾਕਾਂ ਵਿੱਚ ਲਿਖੋ:

ਕਾਲਾ ਘੋੜਾ ਤੇਜ ਦੌੜੇਗਾ |

13 . ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ
: 2

(ੳ) ਬੋਲੀ ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ ।

(ਅ) ਅਮਨ ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।

Downloaded from cclchapter.com

(ੲ) ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ : 1+1+1=3

ਕੀਤੇ ਨੂੰ ਨਾ ਜਾਣਨ ਵਾਲਾ

Downloaded from cclchapter.com